# ਗਿਆਨਪੀਠ
# ਗੁਰਦਿਆਲ ਸਿੰਘ
## ਦੀ ਸਾਹਿਤ-ਚੇਤਨਾ



ਡਾ. ਸੁਖਵਿੰਦਰ ਸਿੰਘ ਪਰਮਾਰ

# ਗਿਆਨਪੀਠ ਗੁਰਦਿਆਲ ਸਿੰਘ ਦੀ ਸਾਹਿਤ - ਚੇਤਨਾ

ਸੰਪਾਦਕ
ਡਾ. ਸੁਖਵਿੰਦਰ ਸਿੰਘ ਪਰਮਾਰ
ਐਮ.ਏ. (ਪੰਜਾਬੀ, ਐਜੂਕੇਸ਼ਨ, ਲਿੰਗੁਇਸਟਿਕਸ), ਪੀ-ਐਚ.ਡੀ., ਯੂ.ਜੀ.ਸੀ. (ਨੈੱਟ)

ਅਨਹਦ
ਪਬਲੀਕੇਸ਼ਨ ਸੰਗਰੂਰ

Gyanpeeth Gurdiyal Singh Di Sahit Cheatna

Edited By
© Dr. Sukhwinder Singh Parmar
M.A. (Punjabi, Education, Linguistics), Ph-D., U.G.C. (NET)
Govt. Ranbir College, Sangrur
V.P.O. Jharon, Teh-Sunam, Dist-Sangrur
Mob-98148-76266

First Edition- 2019

ISBN-978-93-88730-02-0

Rs.- 300/-

Published by

**Anhad Publication Sangrur**
Street No.A, Above Chawla Bus Office,
Guru Nanak Colony, Sangrur 148001 Punjab
Mob. 98723-77057, 70877-54822
Email : anhadpublicationsng@gmail.com

**All right reserved**

This book is sold subject to the condition that is it shall not, by way of trade or otherwise, be lent resold hired out, or otherwise circulated without the publisher's prior written consent in any form of binding or cover other that that is in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

# ਤਤਕਰਾ


1. ਪ੍ਰੋ. ਗੁਰਦਿਆਲ ਸਿੰਘ ਦੇ ਸਿਰਜਣਾਤਮਕ ਸਰੋਕਾਰ- ਡਾ. ਸਤਿੰਦਰਪਾਲ ਸਿੰਘ ਬਾਵਾ 1-8
2. ਗੁਰਦਿਆਲ ਸਿੰਘ ਦੇ ਬਾਲ ਨਾਟਕ: ਪ੍ਰਮੁੱਖ ਸਰੋਕਾਰ- ਡਾ. ਕੁਲਬੀਰ ਮਲਿਕ 9-11
3. ਗੁਰਦਿਆਲ ਸਿੰਘ ਦੇ ਬਾਲ ਸਾਹਿਤ ਵਿੱਚ ਬਾਲਮਨ ਦੀ ਸਥਾਪਨਾ (ਸਮਾਜਿਕ, ਇਤਿਹਾਸਿਕ, ਸੱਭਿਆਚਾਰਕ ਅਤੇ ਮਨੋਵਿਗਿਆਨਕ ਆਦਰਸ਼ਾਂ ਅਨੁਸਾਰ)-ਡਾ. ਕਮਲਜੀਤ ਕੌਰ 12-15
4. ਵਾਰਤਕਕਾਰ ਗੁਰਦਿਆਲ ਸਿੰਘ (ਬੋਤਾ ਬੰਧਿ ਨਾ ਸਕਿਓ ਦੇ ਆਧਾਰ 'ਤੇ)- ਡਾ. ਰਛਪਾਲ ਸਿੰਘ ਉੱਪਲ 16-24
5. ਗੁਰਦਿਆਲ ਸਿੰਘ ਦੀ ਕਥਾ-ਸੰਵੇਦਨਾ (ਵਿਸ਼ਾਗਤ ਅਧਿਐਨ)-ਪ੍ਰੋ. ਮਨਦੀਪ ਕੌਰ 25-30
6. ਗੁਰਦਿਆਲ ਸਿੰਘ ਦੀਆਂ ਕਹਾਣੀਆਂ ਦੀ ਯਥਾਰਥਕ ਚੇਤਨਾ- ਰਵਿੰਦਰ ਕੌਰ ਪਰਮਾਰ 31-35
7. ਗੁਰਦਿਆਲ ਸਿੰਘ ਦੀਆਂ ਕਹਾਣੀਆਂ ਦੀ ਬਿਰਤਾਂਤ-ਬੁਣਤੀ- ਡਾ. ਸੁਖਵਿੰਦਰ ਸਿੰਘ ਪਰਮਾਰ 36-38
8. ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਧਾਰਮਿਕ, ਆਰਥਿਕ ਤੇ ਰਾਜਸੀ ਵਿਵਸਥਾ ਦੀ ਪੇਸ਼ਕਾਰੀ- ਡਾ. ਬਿਮਲੇਸ਼ ਕੁਮਾਰ ਗੁਪਤਾ 39-44
9. ਯਥਾਰਥਵਾਦੀ ਪ੍ਰਗਤੀਵਾਦੀ ਚੇਤਨਾ ਦਾ ਨਾਵਲਕਾਰ: ਗੁਰਦਿਆਲ ਸਿੰਘ- ਡਾ. ਸੋਨੀਆ ਰਾਣੀ 45-50
10. ਗੁਰਦਿਆਲ ਸਿੰਘ ਦੇ ਨਾਵਲਾਂ ਦੇ ਸਮਾਜ-ਭਾਸ਼ਾਈ ਸਰੋਕਾਰ-ਡਾ. ਸੁਰਜੀਤ ਸਿੰਘ 51-59
11. ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਸਮਾਜ-ਸੱਭਿਆਚਾਰ ਚਿਤਰਣ ਦੀ ਪੇਸ਼ਕਾਰੀ- ਡਾ. ਸੰਦੀਪ ਕੌਰ ਸੇਖੋਂ 60-65
12. ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਦਲਿਤ ਚੇਤਨਾ-ਡਾ. ਨਰਵਿੰਦਰ ਸਿੰਘ ਕੌਸ਼ਲ 65-71
13. ਪੇਂਡੂ ਸੱਭਿਆਚਾਰ ਦਾ ਅਲੰਬਰਦਾਰ: ਗੁਰਦਿਆਲ ਸਿੰਘ-ਸੁਖਬੀਰ ਸ਼ਰਮਾ 72-88
14. ਗੁਰਦਿਆਲ ਸਿੰਘ ਦੀ ਕਲਮ ਦੇ ਝਰੋਖੇ-ਡਾ. ਸਰੋਜ ਰਾਣੀ ਸ਼ਰਮਾ 89-93
15. ਗੁਰਦਿਆਲ ਸਿੰਘ ਦੀ ਗਲਪ ਦ੍ਰਿਸ਼ਟੀ (ਨਾਵਲਾਂ ਵਿਚਲੇ ਬਹੁ-ਪਾਸਾਰਾਂ ਦੇ ਸੰਦਰਭ ਵਿੱਚ)- ਡਾ. ਅਰਵਿੰਦਰ ਕੌਰ ਕਾਕੜਾ 94-100
16. 'ਮੜ੍ਹੀ ਦਾ ਦੀਵਾ'-ਸਮਾਜਿਕ ਪਰਿਪੇਖ-ਡਾ. ਗਗਨਦੀਪ ਸਿੰਘ 101-107
17. 'ਮੜ੍ਹੀ ਦਾ ਦੀਵਾ' ਨਾਵਲ ਵਿੱਚ ਰਿਸ਼ਤਿਆਂ ਦੀ ਤ੍ਰਾਸਦਿਕ ਵੇਦਨਾ- ਪ੍ਰੋ. ਬਲਜੀਤ ਕੌਰ 108-115
18. 'ਮੜ੍ਹੀ ਦਾ ਦੀਵਾ' ਸਮਾਜ-ਭਾਸ਼ਾ ਵਿਗਿਆਨਕ ਅਧਿਐਨ- ਡਾ. ਰਜਿੰਦਰ ਸਿੰਘ 116-121
19. ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' 'ਤੇ ਆਧਾਰਤ ਫਿਲਮ ਵਿਚਲੇ ਨਾਟਕੀ ਤੱਤਾਂ ਦਾ ਅਧਿਐਨ-ਪ੍ਰੋ. ਬਿੰਦਰਪਾਲ ਕੌਰ 122-125
20. ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਵਿੱਚ ਪੇਸ਼ ਮੁੱਖ ਸਰੋਕਾਰ- ਰਣਧੀਰ ਸਿੰਘ 126-130
21. ਪਿੰਡ ਅਤੇ ਸ਼ਹਿਰ ਦੀ ਬਦਲਦੀ ਅਰਥ-ਵਿਵਸਥਾ: ਅੰਨੇ ਘੋੜੇ ਦਾ ਦਾਨ-ਵੀਰਪਾਲ ਕੌਰ 131-135
22. 'ਪਰਸੋ' ਦੀ ਸਥਾਪਿਤ ਪ੍ਰਤੀਮਾਨਾਂ ਪ੍ਰਤੀ ਨਾਬਰੀ ਦੇ ਪੱਖ-ਹਰਪ੍ਰੀਤ ਕੌਰ ਧਾਲੀਵਾਲ 136-140
23. ਪਰਸਾ: ਮਲਵਈ ਆਂਚਲਿਕਤਾ ਵਸਤੂ ਤੇ ਰੂਪ-ਡਾ. ਬਲਜਿੰਦਰ ਸਿੰਘ 141-149
24. ਨਾਵਲ 'ਆਹਣ' ਦੇ ਥੀਮਕ ਪਾਸਾਰ-ਗਗਨਦੀਪ ਕੌਰ ਸੇਖੋਂ 150-158
25. ਸਿਆਣਮੱਤੀਆਂ ਦਾ ਸੰਯੋਗ 'ਨਿਆਣਮੱਤੀਆਂ' (ਇੱਕ ਸਾਹਿਤਿਕ ਵਿਸ਼ਲੇਸ਼ਣ) ਸਤਗੁਰ ਸਿੰਘ 'ਪੰਜਾਬ ਸਿਰਲੇਖ' 159-162
26. ਭਾਦੋਂ ਦੀਆਂ ਕਣੀਆਂ ਵਰਗੇ ਠੇਠ-ਸ਼ਬਦਾਂ ਦੀ ਸਿਰਜਣਾ-'ਦੂਜੀ ਦੇਹੀ'- ਸਤਗੁਰ ਸਿੰਘ 'ਪੰਜਾਬ ਸਿਰਲੇਖ' 163-166

# 'ਮੜ੍ਹੀ ਦਾ ਦੀਵਾ'- ਸਮਾਜਿਕ ਪਰਿਪੇਖ

ਡਾ. ਗਗਨਦੀਪ ਸਿੰਘ*

ਸਾਹਿਤ ਦਾ ਸਮਾਜ ਨਾਲ ਸਮਾਜ ਵਿੱਚ ਵਿਚਰਦੇ ਲੋਕਾਂ ਨਾਲ ਤੇ ਸਮਾਜਿਕ ਗਤੀਵਿਧੀਆਂ ਨਾਲ ਡੂੰਘਾ ਤੇ ਸੂਖਮ ਰਿਸ਼ਤਾ ਹੁੰਦਾ ਹੈ।ਇਸ ਕਰਕੇ ਸਾਹਿਤਕਾਰ ਸਮਾਜ ਵਿੱਚ ਘਟਦੀ ਹਰ ਘਟਨਾ, ਹਰ ਵਰਤਾਰੇ ਨੂੰ ਗੰਭੀਰਤਾ ਨਾਲ ਆਪਣੀ ਪਕੜ ਵਿੱਚ ਲਿਆਉਂਦਾ ਹੈ। ਉਹ ਆਪਣੇ ਅਨੁਭਵਾਂ ਨੂੰ ਹੂ-ਬ-ਹੂ ਯਥਾਰਥਕ ਰੂਪ ਵਿਚ ਪੇਸ਼ ਹੀ ਨਹੀਂ ਕਰਦਾ,ਸਗੋਂ ਆਪਣੀ ਕਲਪਨਾ ਅਤੇ ਸਮਾਜਿਕ ਜੀਵਨ ਤੋਂ ਪ੍ਰਾਪਤ ਵਿਵੇਕ ਦੁਆਰਾ ਸਮਾਜ ਨੂੰ ਅਗਾਂਹ-ਵਧੂ ਸਾਰਥਕ ਸੇਧ ਦੇਣ ਦਾ ਯਤਨ ਕਰਦਾ ਹੈ। ਇਸ ਬਾਰੇ ਪ੍ਰੇਮ ਪ੍ਰਕਾਸ਼ ਸਿੰਘ ਦਾ ਕਥਨ ਹੈ, "ਕੋਈ ਵੀ ਸਾਹਿਤਕਾਰ ਆਪਣੇ ਸਮੇਂ ਦੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਤੇ ਵਿਆਪਕ ਸਮੱਸਿਆਵਾਂ ਤੋਂ ਅਭਿੱਜ ਰਹਿ ਕੇ ਕੋਈ ਵੀ ਰਚਨਾ ਨਹੀਂ ਕਰ ਸਕਦਾ। ਸਾਹਿਤਕਾਰ ਇੱਕ ਸਮਾਜਿਕ ਜੀਵ ਹੈ, ਉਸਦਾ ਜਨਮ ਤੇ ਵਿਕਾਸ ਸਮਾਜਿਕ ਪ੍ਰਸਥਿਤੀਆਂ ਵਿੱਚ ਹੁੰਦਾ ਹੈ।...ਪ੍ਰਸਥਿਤੀਆਂ ਦਾ ਪ੍ਰਭਾਵ ਸਾਹਿਤਕਾਰ ਦੀ ਕਰਤਾਰੀ ਸ਼ਕਤੀ ਉੱਤੇ ਉਸ ਦੀ ਸੋਚਧਾਰ ਉੱਤੇ ਇਕਾਂਗੀ ਜਾਂ ਸਰਬਾਂਗੀ ਰੂਪ ਵਿੱਚ ਅਵੱਸ਼ ਪੈਂਦਾ ਹੈ।"[1]

ਸਮਾਜ ਮਨੁੱਖਾਂ ਦਾ ਸਮੂਹ ਹੀ ਨਹੀਂ ਹੁੰਦਾ ਸਗੋਂ ਇਹ ਉਹਨਾਂ ਵਿੱਚਕਾਰ ਹੋਣ ਵਾਲੀਆਂ ਅੰਤਰ-ਕਿਰਿਆਵਾਂ ਜਮਾਤੀ-ਸੰਘਰਸ਼, ਸਮਾਜਿਕ ਵਰਜਨਾਵਾਂ ਤੇ ਦਬਾਵਾਂ ਪ੍ਰਤੀ ਹੁੰਗਾਰੇ ਦਾ ਨਿਰੰਤਰ ਅਮਲ ਹੈ। ਮਨੁੱਖ ਦੇ ਪਰਸਪਰ ਆਪਸੀ ਸੰਪਰਕ ਵਿੱਚ ਆਉਣ ਦੇ ਫਲਸਰੂਪ ਪੈਦਾ ਹੋਈਆਂ ਅੰਤਰ-ਕਿਰਿਆਵਾਂ ਹੀ ਸਮਾਜਿਕ ਸਰੋਕਾਰਾਂ ਨੂੰ ਨਿਸ਼ਚਿਤ ਕਰਦੀਆਂ ਹੈ। ਸਾਹਿਤ ਨਿਰੰਤਰ ਬਦਲ ਰਹੇ ਜੀਵਨ ਮੁੱਲਾਂ ਅਤੇ ਕਦਰਾਂ ਕੀਮਤਾਂ ਨੂੰ ਅਭਿਵਿਅਕਤ ਕਰਦਾ ਹੈ। ਗੁਰਦਿਆਲ ਸਿੰਘ ਨੇ 'ਮੜ੍ਹੀ ਦਾ ਦੀਵਾ' ਨਾਵਲ ਵਿੱਚ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਧਾਰਮਿਕ ਸਰੋਕਾਰਾਂ ਨੂੰ ਵਿਭਿੰਨ ਪਾਤਰਾਂ ਜਗਸੀਰ, ਧਰਮ ਸਿੰਘ, ਨੰਦੀ, ਭਾਨੀ, ਭੋਤਾ, ਧੰਨੋ, ਨਿੱਕਾ, ਰੌਣਕੀ, ਸੂਟੀ ਆਦਿ ਦੇ ਜ਼ਰੀਏ ਇਹਨਾਂ ਦੀਆਂ ਕਿਰਿਆਵਾਂ-ਪ੍ਰਤੀਕਿਰਿਆਵਾਂ ਨੂੰ ਵਿਅਕਤ ਕੀਤਾ ਹੈ। ਇਹਨਾਂ ਵਿੱਚੋਂ ਜਗਸੀਰ, ਨੰਦੀ, ਰੌਣਕੀ, ਸੂਟੀ ਆਦਿ ਨਿਮਨ ਵਰਗ ਕਾਮਾ ਸ਼੍ਰੇਣੀ ਨਾਲ ਸਬੰਧਿਤ ਹਨ। ਜਿਨ੍ਹਾਂ ਦੀ ਹਰ ਨਿਰਭਰਤਾ ਦੀ ਪੂਰਤੀ ਪ੍ਰਿਤਪਾਲਕ ਕਰਦੇ ਹਨ।

ਧਰਮ ਸਿੰਘ ਪਰਿਵਾਰਕ ਵਿਰੋਧ ਦੇ ਬਾਵਜੂਦ ਜਗਸੀਰ ਪ੍ਰਤੀ ਆਪਣੇ ਸਨੇਹ, ਪਿਆਰ ਤੇ ਸਦਾਚਾਰਕਤਾ ਨੂੰ ਨਿਭਾਉਂਦਾ ਹੈ। ਨਿੱਕੇ ਤੇ ਭਾਨੀ ਵਿੱਚ ਸਮੇਂ-ਸਮੇਂ 'ਤੇ ਰਿਸ਼ਤੇ ਦੀ ਤਾਂਘੀ ਭਾਨੀ ਦੇ ਜਗਸੀਰ ਨੂੰ ਪਿਆਰ ਕਰਨ ਕਰਕੇ ਉਲਝਦੀ ਹੈ। ਪਰ ਸਮਾਜਿਕ, ਆਰਥਿਕ ਲੋੜਾਂ ਦੀਆਂ ਮਜਬੂਰੀਆਂ ਕਰਕੇ ਦੋਵੇਂ ਮਰਿਆਦਤ ਰਿਸ਼ਤੇ 'ਚ ਬੱਝੇ ਰਹਿੰਦੇ ਹਨ।

ਰੌਣਕੀ ਆਪਣੀ ਪਤਨੀ ਸੰਤੋ ਦੇ ਛੱਡ ਜਾਣ ਕਰਕੇ ਇਕੱਲਤਾ ਦਾ ਸੰਤਾਪ ਹੰਢਾਉਂਦਾ ਹੈ। ਭੋਤਾ ਤੇ ਉਸਦੀ ਮਾਂ ਧੰਨੋ ਦੋਵੇਂ ਜਗੀਰਦਾਰੀ ਸਿਸਟਮ ਦੀ ਪ੍ਰਤੀਨਿਧਤਾ ਕਰਦੇ ਠੱਲੇ ਦੇ ਪਰਿਵਾਰ ਨੂੰ ਦਿੱਤੀ ਜ਼ਮੀਨ ਹਾਸਿਲ ਕਰਨ ਲਈ ਧਰਮ ਸਿੰਘ ਨੂੰ ਬੋਲ-ਕਬੋਲ ਬੋਲ ਕੇ ਮਾਨਸਿਕ ਯਾਤਨਾ ਦਿੰਦੇ ਹਨ। ਜਿਸ ਕਰਕੇ ਉਹ ਘਰ ਛੱਡ ਕੇ ਚਲਾ ਜਾਂਦਾ ਹੈ। ਨਾਵਲ ਦੇ ਅੰਤ ਵਿੱਚ ਭਾਨੀ ਆਪਣੇ ਸੁੱਚੇ-ਆਦਰਸ਼ਕ ਪ੍ਰੇਮ ਨੂੰ ਨਿਭਾਉਂਦੀ ਹੋਈ ਜਗਸੀਰ ਦੀ ਮੜ੍ਹੀ ਨੂੰ ਪੋਚ-ਸਵਾਰ ਕੇ ਦੀਵਾ ਜਗਾਉਂਦੀ ਹੈ।

ਪੰਜਾਬੀ ਸੱਭਿਆਚਾਰ ਵਿੱਚ ਵਿਆਹ ਵਰਗਾ ਸਮਾਜਿਕ ਰਿਸ਼ਤਾ ਜੋੜਨ ਸਮੇਂ ਪਰਿਵਾਰ ਦੇ ਪਿਛੋਕੜ ਦੀ ਪੂਰੀ ਪੁਣ-ਛਾਣ ਕੀਤੀ ਜਾਂਦੀ ਹੈ। ਇਸੇ ਕਰਕੇ ਨਾਵਲ ਦਾ ਪਾਤਰ ਜਗਸੀਰ ਆਪਣੀ ਮਾਂ ਨੰਦੀ ਦੇ 'ਬੁਜਾਤ' ਹੋਣ

*ਅਸਿਸਟੈਂਟ ਪ੍ਰੋਫੈਸਰ ਪੰਜਾਬੀ, ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ, (ਸੰਗਰੂਰ)